## RELEASED TITLES




# ਮਿਸ਼ਨ ਪੈਗ਼ਾਮ-ਏ-ਸ਼ਬਦ ਗੁਰੂ

ਮਿਸ਼ਨ ਪੈਗ਼ਾਮ-ਏ-ਸ਼ਬਦ ਗੁਰੂ ਦਾ ਮੰਤਵ ਅਧਿਆਤਮਿਕ ਪਾਂਧੀਆਂ ਨਾਲ ਸਾਂਝ ਵਧਾਉਣਾ ਹੈ ਤਾਂਕਿ ਸ਼ਬਦ ਗੁਰੂ ਸ੍ਰੀ ਗ੍ਰੰਥ ਸਾਹਿਬ ਜੀ ਦੇ ਗੁਹਜ ਅਧਿਆਤਮਿਕ ਭੇਦਾਂ ਨੂੰ ਸੁਖੈਨ ਢੰਗ ਨਾਲ ਜੀਵਨ ਜਾਚ ਵਿੱਚ ਢਾਲਿਆ ਜਾ ਸਕੇ।

- **ਮਿਸ਼ਨ ਵੱਲੋਂ ਕੀਤੇ ਜਾ ਰਹੇ ਉਪਰਾਲੇ** :- ਗੁਰਬਾਣੀ ਦੀ ਕਥਾ ਨੂੰ ਸੰਗਤ ਤੱਕ ਪਹੁੰਚਾਣ ਲਈ ਵੀਡੀਓ ਅਤੇ ਆਡੀਓ ਰਿਕਾਰਡਿੰਗ ਕਰਨਾ।
- ਸੈਟੇਲਾਈਟ ਚੈਨਲਾਂ ਅਤੇ ਇੰਟਰਨੈਟ ਰਾਹੀਂ ਵੀਡੀਓ ਅਤੇ ਆਡੀਓ ਨੂੰ ਸਾਰੇ ਸੰਸਾਰ ਵਿੱਚ ਸੰਗਤ ਤੱਕ ਪਹੁੰਚਾਉਣ ਲਈ ਉਪਰਾਲਾ।
- ਪੁਸਤਕਾਂ ਦੀ ਲਿਖਾਈ, ਮੈਗਜੀਨ ਵਿਚ ਲੇਖ
- ਕਥਾ ਦੀ ਰਿਕਾਡਿੰਗ DVD, VCD, CD ਅਤੇ MPs ਦੇ ਰੂਪ ਵਿੱਚ ਸੰਗਤਾਂ ਤੱਕ ਪਹੁੰਚਾਉਣਾ।
- 24 ਘੰਟੇ online radio
- Online You Tube Channel
- www.blog.mpesg.org
- ਗੁਰਮਤਿ ਦੇ ਵਿਸ਼ਿਆਂ ਉੱਤੇ ਸੈਮੀਨਾਰਾਂ ਦਾ ਆਯੋਜਨ ਕਰਨਾ।

**ਗਿਆਨੀ ਕੁਲਵੰਤ ਸਿੰਘ ਜੀ**
**ਇਸ ਦੇ ਮੋਢੀ ਸੰਸਥਾਪਕ ਹਨ।**

**24 Hours Internet Radio, Download Tune in radio Play Store or App Store /Radio Paigam-e-Shabad Guru.**

**ਵਧੇਰੀ ਜਾਣਕਾਰੀ ਲਈ LOG ON ਕਰੋ**


www.mpesg.org., www.gianikulwantsingh.com
E-mail : info@gianikulwantsingh.com
Contact : +91-98155-78122, 98763-19000

**US Canada Contact : +1-916-717-1438**
www.sewastore.com



info@printmasterindia.com, 0161-2613334


# ਸਾਹਿਬ ਜੀ ਦਾ ਮਾਰਗ

ਸਾਹਿਬ ਜੀ ਦੇ ਘਰ ਜਾਣ ਦਾ ਕੋਈ ਮਾਰਗ ਨਹੀਂ।
ਸਾਡੇ ਅਸ਼ੁੱਧ ਆਪੇ ਦੀ ਮੌਤ ਹੁੰਦਿਆਂ
ਹੀ ਉਹ ਪਗਡੰਡੀ ਨਾਲੋ ਨਾਲ ਬਣਦੀ ਹੈ
ਜਿਸ ਤੇ ਚਲ ਕੇ ਸਾਹਿਬ ਜੀ ਦੇ ਘਰ ਪਹੁੰਚੀਦਾ ਹੈ।
ਐਸਾ ਪੁਰਸ਼ ਜਿਸਨੇ ਆਪਣੇ ਆਪੇ ਦਾ ਇਸ਼ਨਾਨ
ਕਰਾਇਆ ਹੈ ਉਹ ਜਿਸ ਪਾਸੇ ਕਦਮ ਰੱਖੇਗਾ
ਉਹ ਸਾਹਿਬ ਜੀ ਦਾ ਮਾਰਗ ਹੋਵੇਗਾ।
ਉਸ ਦੇ ਜੀਵਨ ਦੀ ਹਰ ਇੱਕ ਕਿਰਿਆ ਪ੍ਰਮਾਰਥ
ਪਾਂਧੀਆਂ ਲਈ ਜੁਗਤ ਬਣੇਗੀ।

# ਨਾਮ ਜਪ ਜੁਗਤ

**ਮਿਸ਼ਨ ਪੈਗ਼ਾਮ - ਏ - ਸ਼ਬਦ ਗੁਰੂ (ਰਜਿ.)**
**ਲੁਧਿਆਣਾ।**
www.gianikulwantsingh.com

# ਨਾਮ

ਨਾਮ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸੁਭਾਅ ਹੀ ਹੈ। ਬੋਹੜ ਦੇ ਬੀਜ ਵਿੱਚ ਬੋਹੜ ਦਾ ਰੁੱਖ ਛੁਪਿਆ ਹੁੰਦਾ ਹੈ ਪਰ ਪਰਗਟ ਤਾਂ ਹੁੰਦਾ ਹੈ ਜੇ ਬੀਜਿਆ ਜਾਏ। ਇਸੇ ਤਰ੍ਹਾਂ ਪਰਮਾਤਮਾ ਦੇ ਨਾਮ ਰੂਪੀ ਬੀਜ ਨੂੰ ਜੇ ਅਸੀਂ ਸਰੀਰ ਰੂਪੀ ਧਰਤੀ ਵਿੱਚ ਬੀਜਾਂਗੇ ਤਾਂ ਹੀ ਉਹ ਪਰਗਟ ਹੋਏਗਾ। ਨਾਮ ਦੇ ਦੋ ਹਿੱਸੇ ਹਨ। ਇਕ ਅਰੰਭ ਵਾਲਾ ਨਾਮ ਤੇ ਇਕ ਰਸ ਵਾਲਾ ਨਾਮ। ਅਰੰਭ ਵਾਲਾ 50% ਹਿੱਸਾ ਨਾਮ ਦਾ, ਉਹ ਸਮਝਣਾ ਪਏਗਾ ਜਿਵੇਂ ਉਦਾਹਰਣ ਦੇ ਤੌਰ ਤੇ ਇਕ ਜ਼ਿਮੀਦਾਰ ਜ਼ਮੀਨ ਵਿੱਚ ਗੰਨਾ ਬੀਜਦਾ ਹੈ। ਅਰੰਭ ਵਲਾ ਕੰਮ ਉਹਨੂੰ ਸਿੱਖਣਾ ਪਏਗਾ ਭਾਵ ਉਥੇ ਉਹਦੀ ਸਮਝ ਨੇ ਕੰਮ ਕਰਨਾ ਹੈ, ਉਹਦੇ ਹੱਥ ਚਾਹੀਦੇ ਨੇ, ਉਹਦਾ ਦਿਮਾਗ ਚਾਹੀਦਾ ਹੈ, ਉਹਨੂੰ ਪਤਾ ਹੋਣਾ ਚਾਹੀਦਾ ਹੈ ਕਿ ਜ਼ਮੀਨ ਕਿਵੇਂ ਵਾਹੁਣੀ ਹੈ, ਕਿੰਨਾ ਕੁ ਇਹਦੇ ਵਿੱਚ ਵੱਤਰ ਹੋਣਾ ਚਾਹੀਦਾ, ਗੰਨੇ ਦਾ ਬੀਜ ਕਿਵੇਂ ਕੱਟਣਾ ਹੈ,ਕਿੱਧਰ ਨੂੰ ਇਹਦੀਆਂ ਪੋਰੀਆਂ ਬੀਜਣੀਆਂ ਨੇ, ਜਦੋਂ ਇਹ ਉੱਗਿਆ ਇਹਨੂੰ ਗੋਡਣਾ ਕਿਵੇਂ ਹੈ, ਇਹਦੇ ਵਿੱਚ ਖ਼ਾਦ ਕਿਹੜੀ ਪਾਉਣੀ ਹੈ ਤੇ ਸਪਰੇਅ ਕਿਹੜੀ ਕਰਨੀ ਹੈ ਆਦਿ। ਇਹ ਤੇ ਸਮਝਣ ਦਾ ਕੰਮ ਹੈ ਪਰ ਜਦੋਂ ਉਹਦੀਆਂ ਪੋਰੀਆਂ ਬਣਦੀਆਂ ਨੇ ਤਾਂ ਉਸ ਗੰਨੇ ਵਿਚ ਰਸ ਜ਼ਿਮੀਦਾਰ ਬਾਹਰੋਂ ਪੰਡ ਬੰਨ੍ਹ ਕੇ ਵਿੱਚ ਨਹੀ ਪਾਉਂਦਾ, ਬਈ ਅੱਜ ਮੈਂ ਇਹਦੇ ਵਿੱਚ ਰਸ ਪਾਉਣ ਲੱਗਾ ਹਾਂ। ਨਹੀਂ, ਰਸ ਉਹਦੇ ਵਿੱਚ ਪਾਉਣਾ ਕੁਦਰਤ ਦਾ, ਰੱਬ ਦਾ ਕੰਮ ਹੈ। ਇਸੇ ਤਰ੍ਹਾਂ ਨਾਮ ਦੇ ਦੋ ਹਿੱਸੇ ਹਨ-ਇਕ ਹੈ ਉਹਦਾ ਸਤਿਨਾਮ ਤੇ ਇਕ ਹੈ ਕਿਰਤਮ ਨਾਮ। ਗੁਰੂ ਸਾਹਿਬ ਕਹਿੰਦੇ "ਸਤਿਨਾਮ ਤੇਰਾ ਪਰਾ ਪੂਰਬਲਾ ॥" ਸਤਿਨਾਮ ਜਪਿਆ ਨਹੀ ਜਾ ਸਕਦਾ, ਉਹਦੇ ਵਿੱਚ ਤਾਂ ਸਿਰਫ਼ ਲੀਣ ਹੋਇਆ ਜਾ ਸਕਦਾ ਹੈ। ਉਸ ਸਤਿਨਾਮ ਤੱਕ ਜਾਣ ਲਈ ਕਿਰਤਮ ਨਾਮ ਨੂੰ ਜਪਣਾ ਪਏਗਾ। ਕਿਰਤਮ ਨਾਮ ਤੋਂ ਭਾਵ ਉਹ ਨਾਮ ਜੋ ਉਹਦੇ (ਰੱਬ ਦੇ) ਸੁਭਾਅ ਨੂੰ ਦੇਖ ਕੇ ਰੱਖੇਂ ਗਏ ਨੇ ਜਿਵੇਂ ਉਹ ਕ੍ਰਿਪਾਲੂ ਹੈ, ਉਦਾਰ ਹੈ, ਹਰੀ ਹੈ, ਸਰਲ ਹੈ, ਅਨੂਪ ਹੈ, ਅਗੰਜ ਹੈ, ਅਭੰਜ ਹੈ ਆਦਿ-ਆਦਿ। ਸਤਿਨਾਮ ਤੇ ਕਿਰਤਮ ਨਾਮ ਨੂੰ ਇਸ ਤਰ੍ਹਾਂ ਸਮਝਣ ਦਾ ਯਤਨ ਕਰੀਏ ਮੰਨ ਲਓ ਇਕ ਰੁੱਖ ਹੈ। ਰੁੱਖ ਦਾ ਸਤਿਨਾਮ ਇਹ ਹੈ ਕਿ ਉਹ ਇਕ ਰੁੱਖ ਹੈ। ਤੇ ਅੱਗੋਂ ਉਹਦਾ ਕਿਰਤਮ ਨਾਮ ਹੈ ਕਿ ਇਹ ਅੰਬ ਦਾ ਰੁੱਖ ਹੈ ਜਾਂ ਨਿੰਮ ਦਾ ਰੁੱਖ ਹੈ ਜਾਂ ਲੀਚੀ ਦਾ ਹੈ ਜਾਂ ਅਮਰੂਦ ਦਾ ਰੁੱਖ ਹੈ, ਇਹ ਨਾਮ ਉਹਦਾ ਸੁਆਦ ਦੇਖ ਕੇ ਰੱਖੇ ਗਏ ਨੇ। ਸੋ ਅਸੀਂ ਪ੍ਰਮਾਤਮਾ ਦੇ ਕਿਰਤਮ ਨਾਮ ਜੋ ਉਸਦੇ ਕਰਮਾਂ ਤੇ ਸੁਭਾਅ ਨੂੰ ਦੇਖ ਕੇ ਪਏ ਨੂੰ ਜਪ-ਜਪ ਕੇ ਉਹਦੇ ਸਤਿਨਾਮ ਤੱਕ ਜਾਣਾ ਹੈ।

ਨਾਮ ਜਪਣ ਦਾ ਤਰੀਕਾ ਹੈ ਕਿ ਪਹਿਲਾਂ ਨਾਮ ਸਰੀਰ ਨਾਲ ਜਪੋ। ਰਸਨਾ ਨਾਲ ਨਾਮ ਦਾ ਉਚਾਰਨ ਕਰੋ ਤੇ ਆਪਣੇ ਕੰਨਾਂ ਨਾਲ ਉਚਾਰਨ ਹੋ ਰਹੀ ਆਵਾਜ਼ ਵਿਚ ਧਿਆਨ ਲਗਾਓ। ਪਹਿਲਾਂ ਉੱਚੀ ਆਵਾਜ਼ ਵਿੱਚ ਜਪੋ ਫੇਰ ਸਹਿਜੇ-ਸਹਿਜੇ ਆਵਾਜ਼ ਘੱਟ ਕਰਦੇ ਜਾਓ, ਫੇਰ ਬੁੱਲ ਹੀ ਹਿੱਲਣ ਕੇਵਲ ਤੇ ਫੇਰ ਮਨ ਵਿੱਚ ਜਪੋ। ਜਿਸਨੂੰ ਜਪ ਰਹੇ ਹੋ ਉਸਨੂੰ ਆਪਣੇ ਕੋਲ ਮਹਿਸੂਸ ਕਰੋ, ਉਸ ਨਾਲ ਪਿਆਰ ਕਰੋ। ਆਪਣੀ ਆਵਾਜ਼ ਨੂੰ ਪਿਆਰ ਕਰੋ। ਬਾਣੀ ਨੂੰ ਪਿਆਰ ਕਰੋ। ਇਸ ਹਰ ਰੋਜ਼ ਸਵੇਰੇ ਘੰਟਾ ਅਭਿਆਸ ਕਰੋ।

ਸਰੀਰ ਨਾਲ ਜਪਣ ਤੋਂ ਬਾਅਦ ਫੇਰ ਸਰੀਰ ਨੂੰ ਛੱਡ ਕੇ ਮਨ ਨਾਲ ਜਪਣਾ ਹੈ ਜਿਵੇਂ ਜਹਾਜ਼ ਪਹਿਲਾਂ ਪਟੜੀ ਤੇ ਦੌੜਦਾ ਹੋਇਆ ਪਟੜੀ ਛੱਡਦਾ ਹੈ, ਫੇਰ ਥੱਲੇ ਵਾਲੀ ਹਵਾ ਛੱਡ ਕੇ ਉੱਪਰ ਵਾਲੀ ਹਵਾ ਵਿੱਚ ਚਲਾ ਜਾਂਦਾ ਹੈ ਜਿੱਥੇ ਜਾ ਕੇ ਧਰਤੀ ਦੀ ਖਿੱਚ ਖ਼ਤਮ ਹੋ ਜਾਂਦੀ ਹੈ ਤੇ ਉਹ ਅਰਾਮ ਨਾਲ ਉੱਡਦਾ ਹੈ। ਮਨ ਨਾਲ ਜਪਣ ਦੇ ਅਰਥ ਨੇ ਜਿੱਥੇ ਤੁਹਾਡੇ ਵਿਚਾਰ ਚੱਲਦੇ ਨੇ, ਉਥੇ ਲਿਆਓ ਨਾਮ, ਜਿੱਥੇ ਸੁਰਤਿ ਵਿੱਚ ਤੁਹਾਡੇ ਪਰਿਵਾਰ ਸੰਸਾਰ ਦੇ ਖ਼ਿਆਲ ਚੱਲਦੇ ਨੇ ਉਥੇ ਲਿਆ ਕੇ ਟਿਕਾਓ ਸ਼ਬਦ। ਇਹਨੂੰ ਸ਼ਬਦ ਸੁਰਤਿ ਦਾ ਮਿਲਾਪ ਵੀ ਕਹਿੰਦੇ ਨੇ। ਮਨ ਤੋਂ ਪਾਰ ਜਾਣ ਲਈ ਗੁਰੂ ਦੀ ਲੋੜ ਪੈਂਦੀ ਹੈ ਕਿਉਂਕਿ ਸ਼ਬਦ ਗੁਰੂ ਵਿਚੋਲਾ ਹੈ, ਉਹ ਦੋਨਾਂ ਪਾਸਿਆਂ ਦੀ ਭਾਸ਼ਾ ਜਾਣਦਾ ਹੈ। ਸ਼ਬਦ ਗੁਰੂ ਨੂੰ ਪਿਆਰ ਨਾਲ ਜਪਣ ਨਾਲ ਇਹ ਪ੍ਰਮਾਤਮਾ ਨਾਲ ਸਾਡੀ ਸਾਂਝ ਪੁਆ ਦਿੰਦਾ ਹੈ।

ਪਹਿਲਾਂ-ਪਹਿਲ ਜਦੋਂ ਜੀਵਨ ਰੂਪੀ ਭਾਂਡੇ ਵਿੱਚ ਪਾਉਂਦੇ ਹਾਂ ਗੁਰਬਾਣੀ, ਪਾਉਂਦੇ ਹਾਂ ਨਾਮ ਤੇ ਨਿਕਲਦਾ ਹੈ ਕ੍ਰੋਧ, ਕਾਮ, ਨਿਕਲਦਾ ਹੈ ਹੰਕਾਰ, ਨਿੰਦਿਆ, ਦਵੈਸ਼ ਤਾਂ ਬੰਦਾ ਬੇਚੈਨ ਹੋ ਜਾਂਦਾ ਹੈ। ਉਹਦਾ ਕਾਰਣ ਇਹ ਹੈ ਕਿ ਜਦੋਂ ਨਾਮ ਅੰਦਰ ਗਿਆ ਤਾਂ ਨਾਮ ਨੇ ਅੰਦਰਲੀਆਂ ਸਾਰੀਆਂ ਚੀਜ਼ਾਂ ਨੂੰ ਬਾਹਰ ਕੱਢ ਕੇ ਬੰਦੇ ਦੇ ਮਨ ਦੀ ਸਫ਼ਾਈ ਕਰਨੀ ਹੈ ਤਾਂਕਿ ਆਦਮੀ ਤੰਦਰੁਸਤ ਹੋ ਜਾਏ। ਮਨ ਨੂੰ ਸਾਫ਼ ਕਰਨ ਦਾ ਤਰੀਕਾ ਭਾਈ ਗੁਰਦਾਸ ਜੀ ਨੇ ਬਾਣੀ ਵਿੱਚ ਦੱਸਿਆ ਹੈ "ਹਉ ਤਿਸੁ ਘੋਲਿ ਘੁਮਾਇਆ ਬਾਹਰਿ ਜਾਦਾਂ ਵਰਜਿ ਰਹਾਇਆ ॥" ਮਨ ਨਾਮ ਜਪਦਿਆਂ, ਬਾਣੀ ਪੜ੍ਹਦਿਆਂ ਜਦੋਂ-ਵੀ ਵਿਚੋਂ-ਵਿਚੋਂ ਭੱਜੇ, ਉਹਨੂੰ ਵਜਰ-ਵਰਜ ਕੇ ਵਾਪਸ ਨਾਮ ਵਿੱਚ ਜੋੜੋ। ਇਸ ਤਰ੍ਹਾਂ ਕਰਦਿਆਂ ਇਹਦੇ ਵਿਚੋਂ ਸਾਰਾ ਗੰਦ ਬਾਹਰ ਨਿਕਲ ਜਾਏਗਾ ਤੇ ਰੋਗ ਦੀਆਂ ਜੜ੍ਹਾਂ ਪੁੱਟੀਆਂ ਜਾਣਗੀਆਂ। ਗੁਰੂ ਰਾਮਦਾਸ ਜੀ ਦਾ ਫੁਰਮਾਨ ਹੈ "ਜੋ ਪਾਵੈ ਭਾਂਡੇ ਵਿੱਚ ਵਸਤੁ ਸਾ ਨਿਕਲੈ ॥" ਜਦੋਂ ਅਸੀਂ ਬਾਣੀ ਪੜ੍ਹਦੇ ਹਾਂ ਤਾਂ ਅੰਦਰੋਂ ਜਿਹੜੇ ਖ਼ਿਆਲ ਬਾਹਰ ਨੂੰ ਨਿਕਲਦੇ ਨੇ ਉਹ ਅਸੀਂ ਕਿਤੇ ਨਾ ਕਿਤੇ ਪਹਿਲਾਂ ਅੰਨੇਵਾਹ ਅੰਦਰ ਪਾਏ ਹੁੰਦੇ ਨੇ ਅੱਖਾਂ ਦੇ ਰਾਹੀਂ ਵੇਖਣ ਦੀ ਮੈਲ ਅੰਦਰ ਗਈ ਹੋਈ ਹੈ। ਕੰਨਾਂ ਦੇ ਰਾਹੀਂ ਨਿੰਦਿਆਂ, ਚੁਗਲੀ ਦੀਆਂ ਅਵਾਜ਼ਾਂ, ਜ਼ੁਬਾਨ ਦੇ ਰਾਹੀਂ ਇਸ ਤਰ੍ਹਾਂ ਦੇ ਚਸਕੇ ਜਿਨ੍ਹਾਂ ਦੀਆਂ ਗੁਪਤ ਤਸਵੀਰਾਂ ਅੰਦਰ ਪਈਆਂ ਹੋਈਆਂ ਨੇ ਜੋ ਪਰਤ-ਪਰਤ ਕੇ ਵਿਚੋਂ ਉਜਾਗਰ ਹੁੰਦੀਆਂ ਨੇ। ਉਸ ਵੇਲੇ ਨਾਮ ਜਪਣਾ, ਬਾਣੀ ਪੜਨੀ ਛੱਡਣੀ ਨਹੀਂ ਚਾਹੀਦੀ। ਜੋ ਵਿਚਾਰ ਨਿਕਲਦੇ ਨੇ, ਉਨ੍ਹਾਂ ਤੋਂ ਘਬਰਾਉਣਾ ਨਹੀਂ ਤੇ ਨਾ ਹੀ ਉਹਨਾਂ ਨਾਲ ਸਾਂਝ ਪਾਉਣੀ ਹੈ, ਉਹਨਾਂ ਦੇ ਵਹਿਣ ਵਿੱਚ ਵਹਿਣਾ ਨਹੀ ਬਲਕਿ ਉਹਨਾਂ ਖ਼ਿਆਲਾਂ, ਵਿਚਾਰਾਂ ਨੂੰ ਬਾਹਰ ਆਉਣ ਦਿਓ, ਨਹੀ ਤੇ ਉਹ ਫੇਰ ਅੰਦਰਲੀਆਂ ਮਨ ਦੀਆਂ ਦੀਵਾਰਾਂ ਨਾਲ ਦੁਬਾਰਾ ਚਿਪਕ ਜਾਣਗੇ। ਜਦੋਂ ਲਗਾਤਾਰ ਅੰਦਰ ਬਾਣੀ ਪਾਉਂਦੇ ਗਏ, ਪਾਂਦੇ ਗਏ ਤਾਂ ਨਾਮ ਨੇ ਸਾਰਾ ਕੂੜਾ ਕਬਾੜ ਤੇ ਬਿਮਾਰੀਆਂ ਅੰਦਰੋਂ ਕੱਢ ਦੇਣੀਆਂ ਨੇ ਤੇ ਜਦੋਂ ਸਾਰਾ ਕੁਝ ਨਿਕਲਿਆ ਤਾਂ ਫੇਰ ਅੰਦਰ ਪਏਗਾ ਵੀ ਨਾਮ ਤੇ ਨਿਕਲੇਗਾ ਵੀ ਨਾਮ। ਇਹ ਨਾਮ ਤੁਹਾਨੂੰ Energy ਦਏਗਾ। ਹੁਣ ਸਾਰਾ ਦਿਨ ਫੇਰ ਇਹ ਧਿਆਨ ਰੱਖਣਾ ਹੈ ਕਿ ਇਹ Energy ਅੱਖਾਂ, ਕੰਨਾਂ, ਰਸਨਾ ਰਾਹੀਂ ਜ਼ਿਆਦਾ Leak ਨਾ ਹੋਵੇ ਜਿਵੇਂ ਜੇ ਗੱਡੀ ਦੀ ਪੈਟਰੋਲ ਵਾਲੀ ਟੈਂਕੀ ਵਿਚੋਂ ਥੋੜਾ-ਥੋੜਾ ਕਰਕੇ ਪੈਟਰੋਲ Leak ਹੁੰਦਾ ਰਹੇ ਤਾਂ ਟੈਂਕੀ ਹੌਲੀ-ਹੌਲੀ ਖ਼ਾਲੀ ਹੋ ਜਾਂਦੀ ਹੈ।

ਨਾਮ ਮਨੁੱਖ ਦੇ ਮਨ ਦੀ ਸਫ਼ਾਈ ਵੀ ਆਪ ਕਰਦਾ ਹੈ ਤੇ ਵਿੱਚ ਟਿਕਦਾ ਵੀ ਆਪ ਹੈ। ਜਿਹੜਾ ਮਨੁੱਖ ਨਾਮ ਨਾਲ ਜੁੜਦਾ ਹੈ, ਨਾਮ ਸਭ ਤੋਂ ਪਹਿਲਾ ਉਹਨੂੰ ਸੁੱਖ ਦੀ, ਅਨੰਦ ਦੀ ਪ੍ਰਤੀਤੀ ਕਰਵਾਉਂਦਾ ਹੈ। ਨਾਮ ਦਾ ਪ੍ਰਭਾਵ ਬੰਦੇ ਨੂੰ ਸੁਖੀ ਕਰਦਾ ਹੈ। ਉਹਦੀ ਜ਼ਿੰਦਗੀ ਦੇ ਜਿੰਨੇ ਵੀ ਦੁੱਖ ਉਹਦੇ ਅੰਦਰ ਪਏ ਨੇ, ਜਿਨ੍ਹਾਂ ਨਾਲ ਉਹਨੇ ਬੜੇ ਲੰਮੇ ਸਮੇਂ ਤੋਂ ਸਾਂਝ ਬਣਾ ਕੇ ਰੱਖੀ ਹੋਈ ਹੈ, ਉਹਨਾਂ ਸਾਰਿਆਂ ਨੂੰ ਮਿਟਾ ਕੇ ਨਾਮ ਪਹਿਲਾਂ ਉਹਦਾ ਲੋਕ ਸੁਖੀਆ ਕਰਦਾ ਹੈ ਫੇਰ ਇਹਦੇ ਪਰਲੋਕ ਸੁਹੇਲੇ ਹੋਣਗੇ। ਲੋਕ ਸੁਖੀ ਦਾ ਮਤਲਬ ਇਹ ਨਹੀ ਕਿ ਉਹ ਪਦਾਰਥਕ ਤੌਰ ਤੇ ਧਨਵਾਨ ਹੋ ਜਾਏਗਾ। ਬਲਕਿ ਗੁਰੂ ਸਾਹਿਬ ਨੇ ਸੁੱਖ ਉਹਨੂੰ ਕਿਹਾ ਹੈ ਜਦੋਂ ਮਨੁੱਖ ਦੇ ਨੌਂ ਦੁਆਰੇ-ਅੱਖਾਂ, ਕੰਨ, ਨੱਕ, ਮੂੰਹ, ਸਪਰਸ਼ ਤੇ ਗੁਦਾ ਉਹਦੇ ਆਪਣੇ ਕੰਟਰੋਲ ਵਿੱਚ ਆ ਜਾਂਦੇ ਨੇ। ਉਹਦਾ ਦੇਖਣਾ, ਸੁਣਨਾ, ਬੋਲਣਾ, ਸਭ ਕੁਝ ਮਰਿਯਾਦਾ ਵਿੱਚ ਆ ਜਾਂਦਾ ਹੈ। ਹਰ ਚੀਜ਼ ਦੀ ਤ੍ਰਿਸ਼ਨਾ ਖ਼ਤਮ ਹੋ ਜਾਂਦੀ ਹੈ। ਜਦੋਂ ਕੋਈ ਮਨੁੱਖ ਇਸ ਲੋਕ ਭਾਵ ਸੰਸਾਰ ਵਿੱਚ ਰਹਿੰਦਿਆ ਨਾਮ ਨਾਲ ਆਪਣੀ ਸੁਰਤ ਜੋੜ ਕੇ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਅਨੁਸਾਰ ਜੀਵਨ ਜੀਉਂਦਾ ਹੈ ਤਾਂ ਇਹ ਸਾਰਾ ਕੁਝ ਕਰਦਿਆਂ ਉਹਦਾ ਲੋਕ ਮਿਟਣ ਲੱਗਦਾ ਹੈ। ਉਸਨੂੰ ਸਾਰਾ ਸੰਸਾਰ ਮਿਥਿਆ, ਝੂਠਾ, ਸੁਪਨੇ ਦੀ ਤਰ੍ਹਾਂ ਭਾਸਣ ਲੱਗਦਾ ਹੈ। ਨਾਮ ਨਾਲ ਸਾਂਝ ਪੈਂਦਿਆਂ ਹੀ ਉਹਨਾਂ ਨੂੰ ਸਾਰਾ ਸੰਸਾਰ ਇਸ ਤਰ੍ਹਾਂ ਦਿਸਦਾ ਹੈ "ਪੂਰਬਿ ਜਨਮ ਕੇ ਮਿਲੇ ਸੰਜੋਗੀ ਅੰਤੇ ਕੋ ਨ ਸਹਾਈ ॥" ਜਿਹਦੇ ਅੰਦਰ ਨਾਮ ਟਿਕ ਜਾਏ ਉਹਦੀ ਨਿਸ਼ਾਨੀ ਹੈ ਕਿ ਜਿਵੇਂ ਰੁੱਖ ਜਿਹੜਾ ਫਲਾਂ ਨਾਲ ਭਰ ਜਾਏ ਉਹ ਝੁੱਕ ਜਾਂਦਾ ਹੈ ਇਸੇ ਤਰ੍ਹਾਂ ਨਾਮੀ ਬੰਦੇ ਵਿੱਚ ਵੀ ਨਿਮਰਤਾ ਆ ਜਾਂਦੀ ਹੈ, ਉਹਦੇ ਬੋਲਾਂ ਵਿੱਚ ਰਸ ਹੁੰਦਾ ਹੈ। ਉਹਦੇ ਅੰਦਰ ਵਿਚਾਰਾਂ ਦਾ ਰੌਲਾ ਗੌਲਾ ਸ਼ਾਂਤ ਹੋ ਜਾਂਦਾ ਹੈ। ਉਹਦਾ ਸਾਰਾ ਸਰੀਰ ਸੁਆਦ ਤੇ ਵਿਸਮਾਦ ਨਾਲ ਭਰਨਾ ਸ਼ੁਰੂ ਹੋ ਜਾਂਦਾ ਹੈ।